## ਪੰਜਾਬ ਸਿਵਲ ਸੇਵਾਵਾਂ ਰੂਲਜ਼ ਵਾਲਿਯਮ-1 ਭਾਗ-1 ਦੇ ਨਿਯਮ 2.16 (ਬੀ) ਅਧੀਨ ਮਜ਼ਬੂਰਨ ਉਡੀਕ ਸਮੇਂ ਨੂੰ ਰੈਗੂਲਰਾਈਜ਼ ਕਰਨ ਬਾਰੇ ।

ਉਤਾਰਾ ਮੀਮੋ ਨੰ. 9/22/2011-2ਐਫ.ਪੀ.2/644, ਮਿਤੀ ਚੰਡੀਗੜ੍ਹ 31 ਅਕਤੂਬਰ 2011 ਵੱਲੋਂ ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ)

ਵੱਲ : ਸਮੂਹ ਵਿਭਾਗਾਂ ਦੇ ਮੁਖੀ, ਰਜਿਸਟਰਾਰ ਪੰਜਾਬ-ਹਰਿਆਣਾ ਅਤੇ ਹੋਰਾਂ ਨੂੰ

**ਵਿਸ਼ਾ : ਪੰਜਾਬ ਸਿਵਲ ਸੇਵਾਵਾਂ ਰੂਲਜ਼ ਵਾਲਿਯਮ-1 ਭਾਗ-1 ਦੇ ਨਿਯਮ 2.16 (ਬੀ) ਅਧੀਨ ਮਜ਼ਬੂਰਨ ਉਡੀਕ ਸਮੇਂ ਨੂੰ ਰੈਗੂਲਰਾਈਜ਼ ਕਰਨ ਬਾਰੇ ।**

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ. 9/62/2009-2ਐਫ.ਪੀ.2/341, ਮਿਤੀ 26-10-2009 ਦੀ ਲਗਾਤਾਰਤਾ ਵਿੱਚ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਮਾਮਲੇ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਅੱਗੇ ਤੋਂ 30 ਦਿਨਾਂ ਦਾ ਮਜ਼ਬੂਰਨ ਉਡੀਕ ਸਮਾਂ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਰੈਗੂਲਰਾਈਜ਼ ਕਰ ਲਿਆ ਜਾਵੇ । ਇਸ ਤੋਂ ਇਲਾਵਾ ਇਹ ਯਤਨ ਕੀਤਾ ਜਾਵੇ ਕਿ ਕਿਸੇ ਕਰਮਚਾਰੀ ਦੀ ਪੋਸਟਿੰਗ ਕਰਨ ਲਈ ਘੱਟੋ ਤੋਂ ਘੱਟ ਸਮਾਂ ਲੱਗੇ । ਜਿੱਥੇ ਕਿਤੇ ਕੋਈ ਕਰਮਚਾਰੀ 30 ਦਿਨਾਂ ਤੋਂ ਵੱਧ ਸਮੇਂ ਲਈ ਬਿਨ੍ਹਾਂ ਡਿਊਟੀ ਤੋਂ ਰਹਿੰਦਾ ਹੈ ਤਾਂ ਉਹ ਸਮਾਂ ਰੈਗੂਲਰਾਈਜ਼ ਕਰਨ ਲਈ ਸਵੈ-ਸਪੱਸ਼ਟ ਤਜਵੀਜ਼, ਪੋਸਟਿੰਗ ਵਿੱਚ ਹੋਈ ਦੇਰੀ ਦੇ ਕਾਰਨ ਸਪੱਸ਼ਟ ਕਰਦੇ ਹੋਏ, ਵਿੱਤ ਵਿਭਾਗ ਨੂੰ ਭੇਜੀ ਜਾਵੇ ।

ਵਿਸ਼ਵਾਸਪਾਤਰ

ਸਹੀ/-

ਜਸਬੀਰ ਕੌਰ, ਅਧੀਨ ਸਕੱਤਰ ਵਿੱਤ (ਜ)

www.employeesforum.in